# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)




## ਸੰਦੇਸ਼

ਯੁੱਗ ਪੁਰਸ਼ ਸਮਾਜਿਕ ਪਰਿਵਰਤਨ ਦੇ ਮੀਲ ਪੱਥਰ ਬਣਦੇ ਹਨ। ਪੰਜਵੀਂ ਜੋਤ ਸ੍ਰੀ ਗੁਰੂ ਅਰਜਨ ਪਾਤਸ਼ਾਹ ਦੀ 400 ਸਾਲਾ ਜਨਮ ਸ਼ਤਾਬਦੀ ਮਨਾਉਂਦਿਆਂ ਉਹਨਾਂ ਦੁਆਰਾ ਕੀਤੀ ਅਦੁੱਤੀ ਸਾਹਿਤਕ ਘਾਲ, ਹਰਿਮੰਦਰ ਦੀ ਸਥਾਪਨਾ ਅਤੇ ਸ਼ਹਾਦਤ ਦੇ ਇਤਿਹਾਸਕ ਪ੍ਰਸੰਗ ਨੂੰ ਸਿਜਦਾ ਕਰਦੇ ਹਾਂ ਕਿਉਂਕਿ ਇਹਨਾਂ ਪੁਰਬਾਂ ਦੀਆਂ ਮਹਾਨਤਾ ਨੂੰ ਜਨ ਚੇਤਨਾ ਦਾ ਹਿੱਸਾ ਬਣਾਉਣਾ ਲਾਜ਼ਮੀ ਹੈ ਤਾਂ ਕਿ ਇਤਿਹਾਸਕ ਵਿਰਾਸਤ ਦਾ ਫਖਰ ਸ੍ਰਿਮਤੀ ਬਣ ਸਕੇ। ਭਾਰਤੀ ਜਨ ਸਾਧਾਰਣ ਨੂੰ ਪਤਿ ਸੇਤੀ ਜਿੰਦਗੀ ਜਿਉਣ ਦੀ ਜੋ ਜੀਵਨ ਜਾਂਚ ਉਹਨਾਂ ਆਪਣੇ ਜੀਵਨ ਕਾਲ ਦੇ ਕਾਰਜਾਂ ਰਾਹੀਂ ਕੀਤੀ ਉਸ ਲੋਕ ਲਹਿਰ ਨੂੰ ਲੋਕ ਮਾਨਸਿਕਤਾ ਤੱਕ ਪਹੁੰਚਾਉਣ ਦਾ ਕਾਰਜ ਕਰਨਾ ਆਵਸ਼ਕ ਹੈ। ਇਸੇ ਤਰ੍ਹਾਂ ਦਾ ਸਾਹਿਤਕ ਜਾਗ੍ਰਿਤੀ ਦਾ ਕਾਰਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਪਿਤ ਖੋਜ ਕੇਂਦਰ ਸੰਨੀ ਓਬਰਾਇ ਵਿਵੇਕ ਸਦਨ : ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ ਤੋਂ ਪ੍ਰਕਾਸ਼ਿਤ ਹੋ ਰਹੀ 'ਵਿੱਦਿਆ ਸਾਗਰ ਪਤ੍ਰਿਕਾ' ਵੀ ਕਰਦੀ ਆ ਰਹੀ ਹੈ। ਮੈ ਵਿੱਦਿਆ ਸਾਗਰ ਪੱਤ੍ਰਿਕਾ ਦੇ ਇਸ ਨਿਵੇਕਲੇ ਅੰਕ ਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ 400 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਕਰਦੇ ਹੋਏ, ਇਸ ਅੰਕ ਵਿਚ ਵਿਚਾਰ ਵਿਅਕਤ ਕਰਨ ਵਾਲੇ ਸਾਰੇ ਵਿਦਵਾਨਾਂ, ਖੋਜਾਰਥੀਆਂ ਅਤੇ ਅਕਾਦਮਿਕ ਖੇਤਰ ਨਾਲ ਜੁੜੀਆਂ ਹੋਈਆਂ ਮਾਣਮੱਤੀਆਂ ਸ਼ਖ਼ਸੀਅਤਾਂ ਨੂੰ ਮੁਬਾਰਕ ਪੇਸ਼ ਕਰਦਾ ਹਾਂ ਅਤੇ ਕਲਜੁਗਿ ਜਹਾਜੁ ਪੰਜਵੇਂ ਪਾਤਸ਼ਾਹ ਦੀ ਜੀਵਨ ਘਾਲ ਅੱਗੇ ਨਤਮਸਤਕ ਹੁੰਦਿਆਂ ਉਹਨਾਂ ਦੀ ਅਕਾਦਮਿਕ ਅਤੇ ਸੰਸਥਾਪਕ ਕੌਮੀ ਵਿਰਾਸਤ ਦੇ ਵਾਰਸ ਹੋਣ ਤੇ ਮਾਣ ਮਹਿਸੂਸ ਕਰਦਾ ਹਾਂ।

**ਪ੍ਰੋ. (ਡਾ.) ਐਸ.ਪੀ ਸਿੰਘ ਓਬਰਾਏ**
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)

## ਸੰਪਾਦਕੀ



ਮਨੁੱਖ ਪਰਮਾਤਮਾ ਦੀ ਉਤਕ੍ਰਿਸ਼ਟ ਰਚਨਾ ਹੈ। ਇਸ ਚੇਤੰਨ ਇਕਾਈ ਵਿੱਚ ਸ਼ਖ਼ਸੀ ਗੁਣਾਂ ਦੇ ਪ੍ਰਵਾਹ ਦੁਆਰਾ ਉਦਾਤ ਅਵਚੇਤਨ ਦੇ ਵਿਕਾਸ ਦੀ ਵਿਵੇਕਸ਼ੀਲ ਗਤੀ ਤੋਂ ਰੂਹਾਨੀ ਸ਼ਖ਼ਸੀਅਤ ਵਿਗਸਦੀ ਹੈ। ਕਿਸੇ ਵੀ ਸ਼ਖ਼ਸ ਦਾ ਦਰਜੇਵਾਰ ਵਿਕਾਸ ਚੌਪਾਸੀ ਪਰਸਥਿਤੀਆਂ ਨਿਸ਼ਚਿਤ ਕਰਦੀਆਂ ਹਨ। ਉਸ ਦਾ ਪਰਿਵਾਰਕ ਵਿਰਸਾ ਤੇ ਮਾਹੌਲ, ਸਮਾਜਿਕ ਪਰਿਪੇਖ, ਪ੍ਰਭਾਵਿਤ ਸਭਿਆਚਾਰਕ ਕਦਰਾਂ-ਕੀਮਤਾਂ, ਧਾਰਮਿਕ ਵਿਸ਼ਵਾਸ, ਸਮੇ ਦੀ ਉਥਲ-ਪੁਥਲ, ਆਰਥਿਕ ਸਥਿਤੀਆਂ ਤੇ ਰਾਜਸੀ ਮਾਹੌਲ, ਨਿਆਂ ਪ੍ਰਬੰਧ ਤੇ ਕੌਮਾਂਤਰੀ ਲਹਿਰਾਂ ਪੂਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਇਸ ਤਰਾਂ ਦੇ ਕਾਲਕ੍ਰਮੀ ਅਸਰ ਸ਼ਖਸੀ ਪ੍ਰਗਟਾ ਦੀ ਕਸਵੱਟੀ ਹਨ ਜੋ ਉਸ ਨੂੰ ਪ੍ਰਭਾਵਸ਼ਾਲੀ ਸਿੱਧ ਕਰਦੇ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ ਇਨਾਂ ਪ੍ਰਭਾਵਾਂ ਦੀ ਕੀਮਤ ਦਰਸਾਉਂਦੇ ਕਹਿੰਦੇ ਹਨ। ਮਨੁੱਖੀ ਜਿੰਦਗੀ ਦਾ ਸਹੀ ਤੇ ਸੁੱਚਾ ਸਿੱਕਾ ਸ਼ਖ਼ਸੀਅਤ ਹੈ। ਇਸ ਦੀ ਕੀਮਤ ਸਭ ਥਾਂ ਪੱਕੀ ਤੇ ਅਡੋਲ ਹੈ। ਇਹ ਚੰਗੇ ਅਸੂਲਾਂ ਉੱਤੇ ਕੀਤੇ ਚੰਗੇ ਅਮਲਾਂ ਦਾ ਫਲ ਹੁੰਦੀ ਹੈ। ਇਹ ਇੱਕ ਸ਼ਕਤੀ ਹੈ, ਜਿਸ ਦਾ ਅਸਰ ਰੋਕਿਆ ਨਹੀਂ ਜਾ ਸਕਦਾ। ਸ਼ਖ਼ਸੀ ਅੰਤਰੀਵਤਾ ਸ਼ੁਭਤਾ ਦੀ ਸੰਪੂਰਨਤਾ ਦਾ ਸੋਮਾ ਹੈ ਪਰੰਤੂ ਰੂਹਾਨੀ ਸ਼ਖ਼ਸੀਅਤਾਂ ਦਾ ਸਾਂਚਾ ਵਖੱਰੀ ਕਿਸਮ ਦਾ ਹੁੰਦਾ ਹੈ ਉਹਨਾਂ ਦੀ ਜੀਵਨਕਾਰ ਘਾਲਣਾ ਪਥ ਤੇ ਚਰਮ ਲਕਸ਼ ਧੁਰ-ਨਿਰਦੇਸ਼ਿਤ ਹੁੰਦੇ ਹਨ ਜਿਹਨਾਂ ਨੂੰ ਉਹ ਸਵੈ ਕਰਮ ਦੁਆਰਾ ਸਿੱਧ ਕਰਦੀਆਂ ਹਨ। ਹਰ ਸ਼ਖਸ ਵਿੱਚ ਇਹ ਪਰਵਿਰਤੀ ਇੰਨੀ ਪ੍ਰਬਲ ਨਹੀਂ ਹੁੰਦੀ। ਪਰਮਾਤਮਾ ਦੀ ਨੇੜਤਾ ਕਾਰਨ ਉਹਨਾਂ ਦਾ ਆਤਮਿਕ ਵਿਕਾਸ ਅਸਚਰਜ ਪ੍ਰਭਾਵ ਦਿੰਦਾ ਹੈ। ਚਰਮ ਲਕਸ਼ 'ਮੁਕਤੀ' ਪ੍ਰਾਪਤ ਹੋ ਜਾਂਦੀ ਹੈ। ਸਰੀਰਕ ਕੁਰਬਾਨੀ ਵੀ ਤੁੱਛ ਕਰਮ ਜਾਪਦੀ ਹੈ। ਜਗਤ ਤੇ ਪ੍ਰਕ੍ਰਿਤੀ ਪਸਾਰੇ ਪ੍ਰਤਿ ਸੂਝਵਾਨਤਾ ਤੇ ਸ਼ੰਵੇਦਨਸ਼ੀਲਤਾ ਦੇ ਭਾਵ ਉਤਪੰਨ ਹੁੰਦੇ ਹਨ। ਹਰ ਤਰ੍ਹਾਂ ਦੀਆਂ ਨਿਪੁੰਨ ਕਲਾਵਾਂ ਦਾ ਨਿਕਾਸ ਹੁੰਦਾ ਹੈ, ਜਿਸ ਤੋਂ ਮਹਾਨ ਜੀਵਨ ਦਰਸ਼ਨ ਤੇ ਦ੍ਰਿਸ਼ਟੀਕੋਣ ਸਾਹਮਣੇ ਆਉਂਦੇ ਹਨ। ਸਮਾਜਿਕ ਕਲਿਆਣਕਾਰੀ ਭਾਵਨਾਵਾਂ ਸਾਰਥਕ ਹੁੰਦੀਆਂ ਹਨ।ਇਸੇ ਤਰ੍ਹਾਂ ਦੀਆਂ ਸ਼ਖ਼ਸੀਅਤਾਂ ਇਤਿਹਾਸ ਅਤੇ ਪਰੰਪਰਾ ਵਿੱਚ ਯੁੱਗ ਪਲਟਾਊ ਤਾਕਤਾਂ, ਭਵਿੱਖ ਉਸਾਰੂ ਸ੍ਰੋਤ ਵਜੋਂ ਦਰਜ ਹੁੰਦੀਆਂ ਹਨ ਅਤੇ ਮਨੁੱਖੀ ਯਾਦ ਦੇ ਸੋਮਿਆਂ ਵਿੱਚ ਅਮਰ ਅਨੁਭੂਤੀ ਬਣਦੀਆਂ ਹਨ। ਗੁਰੂ ਅਰਜਨ ਦੇਵ ਜੀ ਅਜਿਹੀ ਅਮਰ ਅਨੁਭੂਤ ਸ਼ਖ਼ਸੀਅਤ ਸਨ, ਜੋ ਮਨੁੱਖੀ ਇਤਿਹਾਸ ਅਤੇ ਪਰੰਪਰਾ ਵਿੱਚ ਪਰਮ ਯਾਦ ਹਨ। ਉਹ ਇੱਕ ਰੱਬੀ ਗੁਣ ਭਰਪੂਰ ਰੂਹਾਨੀ ਸ਼ਖ਼ਸੀਅਤ ਸਨ। ਜਿਥੇ ਗੁਰੂ ਅਰਜਨ, ਗੁਰੂ ਨਾਨਕ ਵਿਚਾਰਧਾਰਾ ਦੇ ਸ਼ਿਰੋਮਣੀ ਵਿਆਖਿਆਕਾਰ ਮਹਾਂਕਵੀ ਸਨ, ਉੱਥੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਅਧਿਆਤਮਵਾਦ, ਰਹੱਸਵਾਦ ਤੇ ਆਦਰਸ਼ਵਾਦ ਦੀ ਤ੍ਰਿਵੇਣੀ ਸੀ। ਉਹ ਉਤਕ੍ਰਿਸ਼ਟ ਬ੍ਰਹਮਗਿਆਨੀ ਸਨ। ਗੁਰਮੁਖਤਾ ਦੇ ਸੰਕਲਪ ਤੇ ਇਸ਼ਟ ਪ੍ਰੇਮ ਇਸ ਦੇ ਮੁੱਖ ਵਹਾਅ ਸਨ। ਗੁਰੂ ਜੀ ਇਕ ਮਨੁੱਖ ਦੇ ਰੂਪ ਵਿੱਚ, ਗੁਰਸਿੱਖ ਦੇ ਰੂਪ ਵਿੱਚ, ਸੇਵਕ ਦੇ ਰੂਪ ਵਿੱਚ, ਪੂਰਨ ਮਨੁੱਖ ਸਨ ਪਰ ਆਪ ਏਕਾਂਤ ਸੇਵੀ ਹੀ ਨਹੀਂ ਸਨ ਆਪ ਦੀ ਸ਼ਖਸੀਅਤ ਦੀ ਸਰਗਰਮੀ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਤਪੱਸਵੀ, ਸੰਜਮੀ ਉਦਾਰ, ਪਵਿਤ੍ਰ, ਕਲਾ ਸੰਗੀਤ ਪ੍ਰੇਮੀ ਤੇ ਦਰਸ਼ਨੀ ਵਿਅਕਤੀਤਵ ਦਾ ਦੂਸਰਾ ਪਾਸਾ ਸਾਹਮਣੇ ਆਉਂਦਾ ਹੈ ਜਦੋਂ ਆਪ ਦੀ ਗੁਰੂ ਗ੍ਰੰਥ ਸੰਪਾਦਨਾ, ਧਰਮ ਪ੍ਰਚਾਰ, ਧਰਮ ਅਸਥਾਨਾਂ ਦੀ ਸੇਵਾ ਦਾ ਜ਼ਿਕਰ ਆਉਂਦਾ ਹੈ। ਆਪ ਦੀ ਪੰਥ ਲਈ ਕੁਰਬਾਨੀ ਬੇਮਿਸਾਲ ਹੈ। ਭਾਵੇਂ ਆਪ ਕੋਮਲ ਭਾਵੀ ਭਗਤ ਆਤਮਾ ਸਨ ਪਰ ਕਸ਼ਟਵਾਦੀ ਸਰੀਰਕ ਤਿਆਗ ਲਈ ਸਿਰੜ ਨੂੰ ਵੀ ਸਿਖਰ ਦਿੱਤੀ। ਕਹਿ ਲਿਆ ਜਾਵੇ ਕਿ ਆਪ ਦੀ ਆਦਰਸ਼ ਸ਼ਖ਼ਸੀਅਤ ਭਗਤੀ ਤੇ ਸ਼ਕਤੀ ਦਾ ਸੁਮੇਲ ਸੀ ਇਹ ਭਗਤੀ ਦੀ ਹੀ ਸ਼ਕਤੀ ਸੀ ਕਿ ਆਪ ਮੌਤ ਰਾਹੀਂ ਵੀ ਅਮਰ ਜੀਵਨ ਦਾ ਸੰਕਲਪ ਦੇ ਗਏ। ਵਿੱਦਿਆ ਸਾਗਰ ਪੱਤ੍ਰਿਕਾ ਦਾ ਇਹ ਅੰਕ ਅਸੀਂ ਪੰਚਮ ਪਾਤਸ਼ਾਹ ਦੀ 400 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਕਰ ਕੇ ਪ੍ਰਕਾਸ਼ਿਤ ਕਰ ਰਹੇ ਹਾਂ। ਆਪ ਜੀ ਦੀ ਆਦਰਸ਼ ਸੰਤ ਸ਼ਖ਼ਸੀਅਤ ਨੂੰ ਨਤਮਸਤਕ ਹੁੰਦਿਆਂ ਹੋਇਆਂ, ਸਾਰੇ ਹੀ ਵਿਦਵਾਨਾਂ ਤੇ ਖੋਜਾਰਥੀਆਂ ਨੂੰ ਆਪ ਦੀ ਸਾਹਿਤਕ ਘਾਲ ਤੋਂ ਅਸੀਸ ਲੈਣ ਲਈ ਆਸਵੰਦ ਹਾਂ।

**ਡਾ. ਸੋਨਦੀਪ ਮੋਂਗਾ**
ਪ੍ਰੋਫ਼ੈਸਰ ਅਤੇ ਮੁਖੀ
ਸੰਨੀ ਓਬਰਾਏ ਵਿਵੇਕ ਸਦਨ:
ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਿਜ਼,
ਸ੍ਰੀ ਅਨੰਦਪੁਰ ਸਾਹਿਬ, ਪੰਜਾਬ